# ਡਾਇਰੈਕਟੋਰੇਟ, ਸਿਹਤ ਸੇਵਾਵਾਂ (ਪ.ਭ.), ਪੰਜਾਬ
## ਪਰਿਵਾਰ ਕਲਿਆਣ ਭਵਨ, ਸੈਕਟਰ 34-ਏ,ਚੰਡੀਗੜ੍ਹ
## (ਅਮਲਾ-6 ਸਾਖਾ)

E Mail ID supdte6@gmail.com

ਵੱਲ

1) ਡਾਇਰੈਕਟਰ, ਮੈਂਟਲ ਹਸਪਤਾਲ, ਅੰਮ੍ਰਿਤਸਰ।
2) ਮੈਡੀਕਲ ਸੁਪਰਡੰਟ, ਗੁਰੂ ਗੋਬਿੰਦ ਸਿੰਘ ਹਸਪਤਾਲ, ਫਰੀਦਕੋਟ।
3) ਮੈਡੀਕਲ ਸੁਪਰਡੰਟ, ਮਾਤਾ ਕੁਸ਼ੱਲਿਆ ਹਸਪਤਾਲ ਅਤੇ ਨਰਸਿੰਗ ਸਕੂਲ, ਪਟਿਆਲਾ।
4) ਮੈਡੀਕਲ ਸੁਪਰਡੰਟ, ਰਾਜਿੰਦਰਾ ਹਸਪਤਾਲ, ਪਟਿਆਲਾ।
5) ਪ੍ਰਿੰਸੀਪਲ, ਟ੍ਰੇਨਿੰਗ ਸੈਂਟਰ, ਮੋਹਾਲੀ ਅਤੇ ਅੰਮ੍ਰਿਤਸਰ।
6) ਪ੍ਰਿੰਸੀਪਲ, ਨਰਸਿੰਗ ਕਾਲਜ, ਅੰਮ੍ਰਿਤਸਰ ਅਤੇ ਪਟਿਆਲਾ।
7) ਪ੍ਰਿੰਸੀਪਲ, ਮੈਡੀਕਲ ਕਾਲਜ, ਪਟਿਆਲਾ।
8) ਮੈਡੀਕਲ ਸੁਪਰਡੰਟ, ਗੁਰੂ ਨਾਨਕ ਦੇਵ ਹਸਪਤਾਲ ਕੰਪਲੈਕਸ, ਅੰਮ੍ਰਿਤਸਰ।
9) ਪ੍ਰਿੰਸੀਪਲ, ਜੀ.ਐਨ.ਐਮ. ਟ੍ਰੇਨਿੰਗ ਸਕੂਲ, ਰੋਪੜ, ਗੁਰਦਾਸਪੁਰ, ਅੰਮ੍ਰਿਤਸਰ, ਜਲੰਧਰ, ਸੰਗਰੂਰ, ਪਟਿਆਲਾ ਅਤੇ ਬਠਿੰਡਾ।
10) ਪ੍ਰਿੰਸੀਪਲ, ਏ.ਐਨ.ਐਮ. ਟ੍ਰੇਨਿੰਗ ਸਕੂਲ, ਹੁਸ਼ਿਆਰਪੁਰ, ਬੀ.ਬੀ.ਐਮ.ਬੀ. ਨੰਗਲ, ਗੁਰਦਾਸਪੁਰ, ਬਠਿੰਡਾ, ਸੰਗਰੂਰ ਅਤੇ ਮੋਗਾ।

ਮੀਮੋ ਨੰ:ਈ-6(1)-ਪੰਜਾਬ-2015/ 883-918
ਮਿਤੀ,ਚੰਡੀਗੜ੍ਹ: 3/2/16

ਵਿਸ਼ਾ:- **ਪਬਲਿਕ ਹੈਲਥ ਨਰਸ (ਟੀਚਿੰਗ) ਅਤੇ ਸਿਸਟਰ ਟਿਊਟਰ ਦੇ ਕਾਡਰ ਨੂੰ ਆਪਸ ਵਿੱਚ ਮਰਜ਼ ਕਰਨ ਬਾਰੇ ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

ਇਸ ਸਬੰਧ ਵਿੱਚ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫਤਰ ਦੇ ਪੱਤਰ ਨੰ: ਈ6(3)ਪੰ/13/5330 ਮਿਤੀ 12-08-2013 ਰਾਂਹੀ ਵਿਸ਼ੇ ਅੰਕਿਤ ਮਾਮਲੇ ਸਬੰਧੀ ਗੌਰਮਿੰਟ ਨਰਸਿੰਗ ਟੀਚਰ ਐਸੋਸੀਏਸ਼ਨ ਵਲੋਂ ਦਿੱਤੇ ਮੰਗ-ਪੱਤਰ ਅਤੇ ਇੰਡੀਅਨ ਨਰਸਿੰਗ ਕੌਂਸਲ, ਨਵੀ ਦਿੱਲੀ ਦੀਆਂ ਹਦਾਇਤਾਂ ਦੇ ਸਨਮੁੱਖ ਜੱਥੇਬੰਦੀ ਵਲੋਂ ਪ੍ਰਾਪਤ ਮੰਗ-ਪੱਤਰ ਸਰਕਾਰ ਨੂੰ ਭੇਜਦੇ ਹੋਏ ਦੋਨਾਂ ਅਸਾਮੀਆਂ ਨੂੰ ਆਪਸ ਵਿੱਚ ਮਰਜ਼ ਕਰਨ ਸਬੰਧੀ ਤਜਵੀਜ਼ ਸਿਫਾਰਿਸ਼ ਸਹਿਤ ਭੇਜੀ ਗਈ ਸੀ।

ਸਰਕਾਰ ਵਲੋਂ ਮਾਮਲੇ ਸਬੰਧੀ ਕੋਈ ਵੀ ਅੰਤਿਮ ਫੈਸਲਾ ਲੈਣ ਤੋਂ ਪਹਿਲਾਂ ਇਸ ਦਫਤਰ ਨੂੰ ਇਹ ਹਦਾਇਤ ਕੀਤੀ ਗਈ ਹੈ ਕਿ ਮਾਮਲੇ ਨੂੰ ਵੈਬਸਾਈਟ ਤੇ ਪਾ ਕੇ ਸਬੰਧਤਾਂ ਦੇ ਸੁਝਾਅ ਲਏ ਜਾਣ ਅਤੇ ਸਬੰਧਤਾਂ ਦੇ ਸੁਝਾਅ ਲੈਣ ਉਪਰੰਤ ਤਜਵੀਜ਼ ਸਰਕਾਰ ਨੂੰ ਭੇਜੀ ਜਾਵੇ।

ਉਪਰੋਕਤ ਦੇ ਸਨਮੁੱਖ ਇਹ ਪੱਤਰ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕੀਤਾ ਜਾ ਰਿਹਾ ਹੈ ਅਤੇ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਮਾਮਲੇ ਸਬੰਧੀ ਆਪਣੇ ਅਧੀਨ ਕੰਮ ਕਰਦੀਆਂ ਸਿਸਟਰ ਟਿਊਟਰ ਅਤੇ ਪੀ.ਐਚ.ਐਨ (ਟੀ) ਪਾਸੋ ਰਾਏ / ਸੁਝਾਅ ਪ੍ਰਾਪਤ ਕਰਕੇ ਆਪਣੀ ਟਿੱਪਣੀ ਸਹਿਤ 15 ਦਿਨਾਂ ਦੇ ਅੰਦਰ-ਅੰਦਰ ਇਸ ਦਫਤਰ ਨੂੰ ਭੇਜੇ ਜਾਣ ਤਾਂ ਜੋ ਆਪ ਪਾਸੋ ਪ੍ਰਾਪਤ ਸੁਝਾਅ ਅਨੁਸਾਰ ਸੋਧੀ ਤਜਵੀਜ਼ ਸਰਕਾਰ ਨੂੰ ਭੇਜੀ ਜਾ ਸਕੇ। ਇਸ ਨੂੰ ਪਰਮ ਅਗੇਤਤਾ ਦਿੱਤੀ ਜਾਵੇ।

ਡਾਇਰੈਕਟਰ, ਸਿਹਤ ਸੇਵਾਵਾਂ (ਪ.ਭ), ਪੰਜਾਬ

ਪਿੱਠ ਅੰਕਣ ਨੰ: ਈ-6(1)ਪੰ:2015/

ਮਿਤੀ, ਚੰਡੀਗੜ੍ਹ:

ਉਤਾਰਾ ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ ਜੀ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।